# 3
# ਦੇਸ਼ ਦੇਣ ਦਾ ਖ਼ੁਦਾ ਦਾ ਵਾਅਦਾ

ਸਵਾਲ ਉੱਠ ਸਕਦਾ ਹੈ ਕਿ ''ਭਲਾ ਖ਼ੁਦਾ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਇਹ ਵਾਅਦਾ ਨਹੀਂ ਕੀਤਾ ਸੀ ਕਿ ਉਹ ਦੇਸ਼ ਉਨ੍ਹਾਂ ਦੀ ਸੰਤਾਨ ਨੂੰ ਹੀ ਦਿੱਤਾ ਜਾਵੇਗਾ?''

ਅਬਰਾਹਾਮ ਅਤੇ ਉਸਦੀ ਸੰਤਾਨ ਨੂੰ ਦੇਸ਼ ਦੇਣ ਦੇ ਵਾਅਦੇ ਦਾ ਪਹਿਲਾਂ ਜ਼ਿਕਰ ਅਬਰਾਹਾਮ ਦੇ ਕਸਦੀਆਂ ਦੇ ਊਰ ਤੋਂ ਜਾ ਕੇ ਹਰਾਨ ਵਿਚ ਥੋੜ੍ਹੀ ਦੇਰ ਤਕ ਟਿਕ ਕੇ ਕਨਾਨ ਦੇਸ਼ ਵਿਚ (ਅੱਜ ਦਾ ਇਸਰਾਏਲ) ਜਾਣ ਦੇ ਬਾਅਦ ਹੋਇਆ ਹੈ। ਉਸ ਸਮੇਂ ਖ਼ੁਦਾ ਨੇ ਅਬਰਾਹਾਮ ਨੂੰ ਕਿਹਾ ਸੀ, ''ਤੇਰੀ ਅੰਸ ਨੂੰ ਮੈਂ ਇਹ ਧਰਤੀ ਦਿਆਂਗਾ'' (ਉਤਪਤ 12:7)।

ਜਦ ਅਬਰਾਹਾਮ ਉਸ ਦੇਸ਼ ਵਿਚ ਟਿਕ ਗਿਆ ਤਾਂ ਖ਼ੁਦਾ ਨੇ ਉਸ ਨੂੰ ਕਿਹਾ, ''ਅੱਖੀਆਂ ਹੁਣ ਚੁੱਕ ਕੇ ਇਸ ਥਾਂ ਤੋਂ ਜਿੱਥੇ ਤੂੰ ਹੁਣ ਹੈਂ ਉੱਤਰ ਅਤੇ ਦੱਖਣ, ਪੂਰਬ ਅਰ ਪੱਛਮ ਵੱਲ ਵੇਖ ਕਿਉਂਕਿ ਇਹ ਸਾਰੀ ਧਰਤੀ ਜੋ ਤੂੰ ਵੇਖਦਾ ਹੈਂ ਤੈਨੂੰ ਅਰ ਤੇਰੀ ਅੰਸ ਨੂੰ ਸਦਾ ਲਈ ਮੈਂ ਦਿਆਂਗਾ'' (ਉਤਪਤ 13:14, 15; ਵੇਖੋ ਵਿਵਸਥਾਸਾਰ 12:1)। ਬਾਅਦ ਵਿਚ ਖ਼ੁਦਾ ਨੇ ਇਹ ਵਾਅਦਾ ਇਕ ਨੇਮ ਦੇ ਰੂਪ ਦੇ ਵਿਚ ਦਿੱਤਾ ਸੀ ਜਿਸ ਵਿਚ ਉਸਨੇ ਇਕ ... ਹੱਦ ਠਹਿਰਾ ਦਿੱਤੀ। ਮੂਸਾ ਨੇ ਗਿਣਤੀ 34:2-12 ਵਿਚ ਵਧੇਰੇ ਵਿਸਤਾਰ ਦਸ ਕਨਾਨੀ ਦੇਸ਼ਾਂ ਦੇ ਇਲਾਕੇ ਨੂੰ ਸ਼ਾਮਿਲ ਕਰਦਿਆਂ ਹੱਦ ਦੱਸ ਦਿੱਤੀ: ''ਉਸ ਦਿਨ ਯਹੋਵਾਹ ਨੇ ਇਕ ਨੇਮ ਅਬਰਾਮ ਨਾਲ ਬੰਨ੍ਹਿਆ ਕਿ ਤੇਰੀ ਅੰਸ ਨੂੰ ਮੈਂ ਇਹ ਧਰਤੀ ਦੇ ਦਿੱਤੀ ਹੈ ਅਰਥਾਤ ਮਿਸਰ ਦੇ ਦਰਿਆ ਤੋਂ ਲੈਕੇ ਵੱਡੇ ਦਰਿਆ ਫਰਾਤ ਤੀਕ'' (ਉਤਪਤ 15:18)। ਇਹ ਇਲਾਕਾ ਸੁਲੇਮਾਨ ਦੀ ਹਕੂਮਤ ਵਿਚ ਆਉਂਦਾ ਸੀ। ''ਸੁਲੇਮਾਨ ਸਾਰੀਆਂ ਬਾਦਸ਼ਾਹੀਆਂ ਉੱਤੇ ਰਾਜ ਕਰਦਾ ਸੀ ਫਰਾਤ ਦਰਿਆ ਤੋਂ ਲੈ ਕੇ ਫਲਿਸਤੀਨ ਤੀਕ ਅਰ ਮਿਸਰ ਦੀ ਹੱਦ ਤੀਕ''(1 ਰਾਜਿਆਂ 4:21)।

ਖ਼ੁਦਾ ਨੇ ਜੋ ਵਾਅਦਾ ਅਬਰਾਹਾਮ ਨਾਲ ਕੀਤਾ ਸੀ ਉਸਨੂੰ ਇਸਹਾਕ (ਉਤਪਤ 26:3, 4) ਅਤੇ ਯਾਕੂਬ ਨਾਲ ਇਸ ਵਾਅਦੇ ਨਾਲ ਦੁਹਰਾਇਆ ਕਿ ਇਹ ਯਾਕੂਬ ਦੀ ਸੰਤਾਨ ਉਸਦੇ ਬਾਅਦ ਦਿੱਤੀ ਜਾਵੇਗੀ (ਉਤਪਤ 28:13; 35:12)। ਸਾਲਾਂ ਬਾਅਦ, ਉਸਦੀ ਸੰਤਾਨ ਦੇ ਮਿਸਰ ਤੋਂ ਨਿਕਲਣ ਦੇ ਬਾਅਦ, ਖ਼ੁਦਾ ਨੇ ਇਸਰਾਏਲ ਲਈ ਦੇਣ ਦਾ ਵਾਅਦਾ ਕੀਤਾ (ਕੂਚ 6:4, 8)।

ਯਹੋਸ਼ੁਆ ਦੀ ਅਗਵਾਈ ਵਿਚ ਇਸਰਾਏਲ ਨੇ ਉਸ ਦੇਸ਼ ਦੇ ਉੱਤੇ ਜਿੱਤ ਪਾਈ ਅਤੇ ਵਿਚ ਵਧ ਗਏ। ਯਹੋਸ਼ੁਆ ਦਾ ਕੰਮ ਪੂਰਾ ਹੋ ਜਾਣ ਦੇ ਬਾਅਦ ਅਸੀਂ ਪੜ੍ਹਦੇ ਹਾਂ ਕਿ ਖ਼ੁਦਾ ਨੇ ਆਪਣੇ ਵਾਅਦਾ ਪੂਰਾ ਕੀਤਾ ਸੀ:

> ਸੋ ਯਹੋਵਾਹ ਨੇ ਇਸਰਾਏਲ ਨੂੰ ਉਹ ਸਾਰਾ ਦੇਸ ਦਿੱਤਾ ਜਿਹ ਦੇ ਦੇਣ ਦੀ ਸੌਂਹ ਉਨ੍ਹਾਂ ਦੇ ਪਿਓ ਦਾਦਿਆਂ ਨਾਲ ਖਾਧੀ ਸੀ ਅਤੇ ਉਨ੍ਹਾਂ ਨੇ ਉਸ ਉੱਤੇ ਕਬਜ਼ਾ ਕੀਤਾ ਅਤੇ ਉਸ ਵਿਚ ਵਾਸ ਕੀਤਾ (ਯਹੋਸ਼ੁਆ 21:43)।

> ''ਭਈ ਇਨ੍ਹਾਂ ਸਾਰਿਆਂ ਚੰਗਿਆਂ ਬਚਨਾਂ ਵਿਚ ਇੱਕ ਬਚਨ ਵੀ ਨਾ ਰਹਿ ਗਿਆ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਡੇ ਵਿਖੇ ਬੋਲਿਆ। ਉਹ ਸਾਰੇ ਤੁਹਾਡੇ ਲਈ ਪੂਰੇ ਹੋਏ। ਉਨ੍ਹਾਂ ਵਿੱਚੋਂ ਇਕ ਵੀ ਬਚਨ ਨਾ ਰਿਹਾ'' (ਯਹੋਸ਼ੁਆ 23:14ਅ)।

ਇਸਰਾਏਲ ਨੂੰ ਵਾਅਦਾ ਕੀਤਾ ਹੋਇਆ ਦੇਸ਼ ਤਾਂ ਮਿਲ ਗਿਆ ਪਰ ਉਸ ਨੂੰ ਪਾ ਕੇ ਸਾਂਭੀ ਰੱਖਣਾ ਉਨ੍ਹਾਂ ਵੱਲੋਂ ਖ਼ੁਦਾ ਦੇ ਪ੍ਰਤੀ ਬਣਦਾ ਸਨਮਾਨ ਵਿਖਾਉਣਾ ਅਤੇ ਉਸਦੇ ਹੁਕਮਾਂ ਦੀ ਪਾਲਣਾ ਕਰਨ ਤੇ ਨਿਰਭਰ ਕਰਦਾ ਸੀ:

> ''ਜੋ ਅੱਜੋ ਤੁਹਾਡੇ ਵਿਰੁੱਧ ਅਕਾਸ਼ ਅਤੇ ਧਰਤੀ ਨੂੰ ਗਵਾਹ ਬਣਾਉਂਦਾ ਹਾਂ ਭਈ ਮੈਂ ਤੁਹਾਡੇ ਅੱਗੇ ਜੀਵਨ ਅਤੇ ਮੌਤ, ਬਰਕਤ ਅਤੇ ਸਰਾਪ ਰੱਖਿਆ ਹੈ। ਏਸ ਲਈ ਜੀਵਨ ਨੂੰ ਚੁਣੋ ਤਾਂ ਜੋ ਤੁਸੀਂ ਅਤੇ ਤੁਹਾਡੀ ਅੰਸ ਜੀਉਂਦੇ ਰਹੋ। ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨਾਲ ਪ੍ਰੇਮ ਰੱਖੋ, ਉਸ ਦੀ ਅਵਾਜ਼ ਨੂੰ ਸੁਣੋ ਅਤੇ ਉਸ ਦੇ ਅੰਗ ਸੰਗ ਲੱਗੇ ਰਹੋ ਰਹੋ ਕਿਉਂ ਜੋ ਉਹ ਤੁਹਾਡਾ ਜੀਵਨ ਅਤੇ ਤੁਹਾਡੇ ਦਿਨਾਂ ਦੀ ਲਮਾਨ ਹੈ ਤਾਂ ਜੋ ਤੁਸੀਂ ਉਸ ਜ਼ਮੀਨ ਵਿਚ ਵੱਸਿਆ ਕਰੋ ਜਿਹੜੀ ਯਹੋਵਾਹ ਨੇ ਤੁਹਾਡੇ ਪਿਉ ਦਾਦਿਆਂ ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ ਦੇਣ ਲਈ ਸੌਂਹ ਖਾਧੀ ਸੀ'' (ਵਿਵਸਥਾਸਾਰ 30:19; 20)।

ਮਿਸਰ ਵਿੱਚੋਂ ਨਿਕਲਣ ਵਾਲੀ ਉਸ ਪੀੜ੍ਹੀ ਵਿੱਚੋਂ ਜਿਸ ਨੂੰ ਖ਼ੁਦਾ ਨੇ ਦੇਣ ਦਾ ਵਾਅਦਾ ਕੀਤਾ ਸੀ (ਕੂਚ 6:8; 12:25; ਵਿਵਸਥਾਸਾਰ 9:23) ਸਿਰਫ਼ ਦੋ ਜਣੇ ਹੀ ਇਸ ਦੇਸ਼ ਵਿਚ ਆ ਸਕੇ ਸਨ (ਵਿਵਸਥਾਸਾਰ 1:35, 36; ਯਹੋਸ਼ੁਆ 5:6)। ਜੇ ਇਸਰਾਏਲ ਇਸ ਸਭ ਨੂੰ ਨਾ ਕਰਦਾ ਜਿਸਦਾ ਹੁਕਮ ਖ਼ੁਦਾ ਨੇ ਉਨ੍ਹਾਂ ਨੂੰ ਦਿੱਤਾ ਸੀ ਤਾਂ ਖ਼ੁਦਾ ਨੇ ਇਸਰਾਏਲ ਨਾਲ ਵੀ ਉਹੀ ਕਰਨਾ ਸੀ ਜਿਸਦੀ ਯੋਜਨਾ ਉਸਨੇ ਉਨ੍ਹਾਂ ਕੌਮਾਂ ਨਾਲ ਕਰਨ ਦੀ ਬਣਾਈ ਸੀ ਜਿਨ੍ਹਾਂ ਨੂੰ ਇਸਰਾਏਲ ਦੇ ਅੱਗੇ ਦੁੜਾ ਰਿਹਾ ਸੀ (ਗਿਣਤੀ 33:55, 56): ਉਸ ਨੇ ਉਨ੍ਹਾਂ ਨੂੰ ਉਸ ਧਰਤੀ ਵਿਚ ਲੈ ਜਾਣਾ ਸੀ।

ਉਸ ਧਰਤੀ ਤੇ ਰਹਿਣ ਲਈ ਸ਼ਰਤਾਂ ਹੋਣੀਆਂ ਸਨ। ਉਤਪਤ 13:15 ਵਿਚ ਖ਼ੁਦਾ ਨੇ ਕਿਹਾ ਸੀ, ''ਤੈਨੂੰ ਅਤੇ ਤੇਰੇ ਵੰਸ ਨੂੰ ਸਦਾ ਲਈ ਮੈਂ ਦਿਆਂਗਾ।'' ਪਰ ਇਸ ਵਾਅਦੇ ਵਿਚ ''ਯੁੱਗੋ ਯੁੱਗ'' ਇਬਰਾਨੀ ਭਾਸ਼ਾ ਦੇ ਓਲਮ (*Olam*) ਸ਼ਬਦ ਦਾ ਅਨੁਵਾਦ ਹੈ ਜਿਸਦਾ ਅਰਥ ''ਅਨਾਦੀ ਕਾਲ ਤਕ'' ਹੋਣਾ ਜ਼ਰੂਰੀ ਨਹੀਂ। ਇਸਦਾ ਅਨੁਵਾਦ ''ਸਦਾ ਤਕ'' ਵੀ ਕੀਤਾ ਗਿਆ ਹੈ ਜਿਵੇਂ '' ... ਮੈਂ ... ਤੇਰੇ ਮਗਰੋਂ ਇਹ ਦੇਸ ਸਦਾ ਲਈ ਤੇਰੀ ਅੰਸ ਦੀ ਮਿਲਖ ਕਰਾਂਗਾ'' (ਉਤਪਤ 48:4; ਕੂਚ 32:13 ਵੀ ਵੇਖੋ )।

ਇਹ ਵਿਖਾਉਣ ਲਈ ਕਿ ਇਹ ਜ਼ਰੂਰੀ ਨਹੀਂ ਹੈ ਕਿ ਓਲਮ ਦਾ ਅਰਥ ''ਕਦੇ ਨਾ ਕਦੇ ਖਤਮ ਹੋਣ ਵਾਲਾ'' ਹੋਵੇ, ਕੁਝ ਉਦਾਹਰਣਾਂ ਹੀ ਕਾਫ਼ੀ ਹਨ:

(1) ਖ਼ੁਦਾ ਨੇ ਕਿਹਾ ਕਿ ਲੋਕ ਮੂਸਾ ਦੀ ''ਸਦਾ'' ਪਰਤੀਤ ਕਰਨਗੇ (ਕੂਚ 19:9)। ਕੁਝ ਸਮੇਂ ਦੇ ਬਾਅਦ ਹੀ ਉਨ੍ਹਾਂ ਦਾ ਭਰੋਸਾ ਉੱਠ ਗਿਆ ਅਤੇ ਉਨ੍ਹਾਂ ਨੇ ਇਕ ਹੋਰ ਆਗੂ ਠਹਿਰਾਉਣਾ ਚਾਹਿਆ ਸੀ (ਗਿਣਤੀ 14:4)।

(2) ਆਪਣੇ ਮਾਲਕ ਤੋਂ ਖੁਸ਼ ਇਬਰਾਨੀ ਸੇਵਕ ''ਸਦਾ'' (ਓਲਮ; ਕੂਚ 21:6)

ਉਸਦੀ ਸੇਵਾ ਕਰਦਾ ਸੀ। ਮਾਲਕ ਦੀ ਮੌਤ ਤੋਂ ਬਾਅਦ, ਸੇਵਕ ਅਜ਼ਾਦ ਹੋ ਜਾਂਦਾ ਸੀ (ਅੱਯੂਬ 3:19)।

(3) ਹਾਰੂਨ ਦੇ ਪੁੱਤਰਾਂ ਦੀ ਯਾਜਕਾਈ ''ਪੀੜ੍ਹੀ ਦਰ ਪੀੜ੍ਹੀ'' (ਓਲਮ; ਕੂਚ 40:15) ਲਈ ਸੀ। ਨਵਾਂ ਨੇਮ ਦੱਸਦਾ ਹੈ ਕਿ ਯਾਜਕਾਈ ਬਦਲ ਚੁੱਕੀ ਹੈ (ਇਬਰਾਨੀਆਂ 7:12-14)।

(4) ਕੁਰਬਾਨੀਆਂ ਦੇ ''ਸਦਾ'' (ਓਲਮ; ਲੇਵੀਆਂ 6:17) ਤਕ ਚੜ੍ਹਾਏ ਜਾਣ ਦੀ ਗੱਲ ਕਹੀ ਗਈ ਹੈ, ਪਰ ਉਹ ਕੁਰਬਾਨੀਆਂ ਅੱਜ ਨਹੀਂ ਚੜ੍ਹਾਈਆਂ ਜਾਂਦੀਆਂ। ਉਹ ਤਾਂ ''ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ ਹੀ'' ਸਨ (ਦੇਖੋ ਇਬਰਾਨੀਆਂ 10:1-4)।

ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਵਾਅਦਾ ਇਹ ਸੀ ਕਿ ਜਦ ਉਹ ਖ਼ੁਦਾ ਦੀ ਹੁਕਮ ਮੰਨਦੇ ਹਨ, ਉਹ ਦੇਸ਼ ਉਨ੍ਹਾਂ ਦਾ ਰਹੇਗਾ। ਪਰ ਮੂਸਾ ਨੇ ਇਸਰਾਏਲੀਆਂ ਨੂੰ ਇਹ ਦਸਿਆ ਸੀ ਕਿ ਉਹ ਖ਼ੁਦਾ ਦੀ ਹੁਕਮ ਤੋੜਨਗੇ ਅਤੇ ''ਉਸ ਭੂਮੀ ਵਿੱਚੋਂ ਉਜਾੜੇ'' ਜਾਣਗੇ (ਵਿਵਸਥਾਸਾਰ 18:63)। ਖ਼ੁਦਾ ਨੇ ਨੇਮ ਤੋੜਨ ਕਰਕੇ ਇਸਰਾਏਲੀਆਂ ਨੂੰ ਸਜ਼ਾ ਦੇਣ ਦਾ ਵਾਅਦਾ ਕੀਤਾ ਸੀ, ਪਰ ਵਾਅਦਾ ਸੀ ਕਿ ਉਹ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਸ ਨਹੀਂ ਕਰੇਗਾ। ਲਿਖਿਆ ਹੈ:

> ਤਾਂ ਭੀ ਜਿਸ ਵੇਲੇ ਓਹ ਆਪਣੇ ਵੈਰੀਆਂ ਦੇ ਦੇਸ ਵਿੱਚ ਹੋਣ ਮੈਂ ਉਨ੍ਹਾਂ ਨੂੰ ਨਾ ਰੱਦਾਂਗਾ ਅਤੇ ਉਨ੍ਹਾਂ ਦਾ ਮੂਲੋਂ ਨਾਸ ਕਰਨ ਲਈ ਅਤੇ ਆਪਣਾ ਨੇਮ ਉਨ੍ਹਾਂ ਦੇ ਨਾਲ ਤੋੜਨ ਲਈ ਉਨ੍ਹਾਂ ਨੂੰ ਮਾੜੇ ਨਾ ਜਾਣਾਂਗਾ ਕਿਉਂ ਜੋ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ ਪਰ ਮੈਂ ਉਨ੍ਹਾਂ ਦੀ ਖਾਤਰ ਉਨ੍ਹਾਂ ਦੇ ਪਿਓ ਦਾਦਿਆਂ ਦਾ ਨੇਮ ਜਿਨ੍ਹਾਂ ਨੂੰ ਮੈਂ ਮਿਸਰ ਦੇ ਦੇਸੋਂ ਕੌਮਾਂ ਦੇ ਵੇਖਣ ਵਿੱਚ ਉਨ੍ਹਾਂ ਦਾ ਪਰਮੇਸ਼ੁਰ ਬਣਨ ਲਈ ਕੱਢ ਲਿਆਇਆ ਚੇਤੇ ਕਰਾਂਗਾ (ਲੇਵੀਆਂ 26:44, 45)।

ਖ਼ੁਦਾ ਨੇ ਭਵਿਖਬਾਣੀ ਕੀਤੀ ਕਿ ਲੋਕ ਹੈਰਾਨ ਹੋਣਗੇ ਕਿ ਅਜਿਹਾ ਕਿਉਂ ਹੋਇਆ;

> ਤਾਂ ਸਾਰੀਆਂ ਕੌਮਾਂ ਵੀ ਆਖਣਗੀਆਂ ਕਿ ਯਹੋਵਾਹ ਨੇ ਏਸ ਧਰਤੀ ਨਾਲ ਇਉਂ ਕਿਉਂ ਕੀਤਾ ਅਤੇ ਐਨਾ ਵੱਡਾ ਕ੍ਰੋਧ ਦਾ ਤੱਤ ਕਿਉਂ ਹੈ? ਤਾਂ ਓਹ ਆਖਣਗੇ, ਏਸ ਲਈ ਕਿ ਉਨ੍ਹਾਂ ਨੇ ਆਪਣੇ ਪਿਉ ਦਾਦਿਆਂ ਦੇ ਪਰਮੇਸ਼ੁਰ ਯਹੋਵਾਹ ਦੇ ਨੇਮ ਨੂੰ ਤਿਆਗ ਦਿੱਤਾ ਜਿਹੜਾ ਉਸ ਉਨ੍ਹਾਂ ਨਾਲ ਬੰਨ੍ਹਿਆ ਸੀ ਜਦ ਉਹ ਉਨ੍ਹਾਂ ਨੂੰ ਮਿਸਰ ਦੇਸ ਤੋਂ ਬਾਹਰ ਲਿਆਇਆ (ਵਿਵਸਥਾਸਾਰ 29:24, 25)।

ਖ਼ੁਦਾ ਨੇ ਨੇਮ ਦੀਆਂ ਸ਼ਰਤਾਂ ਦੇ ਅਨੁਸਾਰ ਇਸਰਾਏਲ ਦੇ ਵਿਰੁੱਧ ਕੰਮ ਕੀਤਾ ਅਰਥਾਤ ਉਨ੍ਹਾਂ ਨੂੰ ਸਜ਼ਾ ਦਿੱਤੀ। ਖ਼ੁਦਾ ਦੀਆਂ ਚਿਤਾਵਨੀਆਂ ਦੇ ਬਾਵਜੂਦ ਵੀ ਉਸ ਸਜ਼ਾ ਦੇ ਬਾਅਦ ਉਸਦੀ ਵੱਲੋ ਹੀ ਮੁੜੇ। ਖ਼ੁਦਾ ਨੇ ਇਹ ਕਹਿੰਦੇ ਹੋਏ ਯਿਰਮਿਯਾਹ ਨਾਲ ਗੱਲ ਕੀਤੀ;

> ਪਰ ਉਨ੍ਹਾਂ ਨੇ ਨਾ ਸੁਣਿਆ, ਨਾ ਕੰਨ ਲਾਇਆ। ਹਰੇਕ ਆਪਣੇ ਬੁਰੇ ਦਿਲ ਦੀ ਅੜੀ ਵਿੱਚ ਚੱਲਦਾ ਰਿਹਾ। ਏਸੇ ਲਈ ਮੈਂ ਏਸ ਨੇਮ ਦੀਆਂ ਸਾਰੀਆਂ ਗੱਲਾਂ ਉਨ੍ਹਾਂ ਉੱਤੇ

> ਲਿਆਂਦੀਆਂ ਜਿਨ੍ਹਾਂ ਦਾ ਮੈਂ ਉਨ੍ਹਾਂ ਨੂੰ ਪੂਰਾ ਕਰਨ ਲਈ ਹੁਕਮ ਦਿੱਤਾ ਸੀ ਪਰ ਉਨ੍ਹਾਂ ਨੂੰ ਪੂਰਾ ਕਰਨ ਲਈ ਹੁਕਮ ਦਿੱਤਾ ਸੀ ਪਰ ਉਨ੍ਹਾਂ ਨੇ ਪੂਰਾ ਕਰਨ ਲਈ ਹੁਕਮ ਦਿੱਤਾ ਸੀ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਪੂਰਾ ਨਾ ਕੀਤਾ। ਤਾਂ ਯਹੋਵਾਹ ਨੇ ਮੈਨੂੰ ਆਖਿਆ ਕਿ ਯਹੂਦਾਹ ਦੇ ਮਨੁੱਖਾਂ ਅਤੇ ਯਰੂਸ਼ਲਮ ਦੇ ਵਾਸੀਆਂ ਵਿੱਚ ਇਕ ਮਤਾ ਪਕਾਇਆ ਜਾਂਦਾ ਹੈ। ਓਹ ਆਪਣੇ ਪਹਿਲੇ ਪਿਉ ਦਾਦਿਆਂ ਦੀਆਂ ਬੁਰਿਆਈਆਂ ਵੱਲ ਫਿਰ ਗਏ ਹਨ ਜਿਨ੍ਹਾਂ ਨੇ ਮੇਰੀਆਂ ਗੱਲਾਂ ਨਹੀਂ ਸੁਣੀਆਂ। ਓਹ ਦੂਜੇ ਦਿਓਤਿਆਂ ਦੇ ਪਿੱਛੇ ਚਲੇ ਗਏ ਹਨ ਅਤੇ ਉਨ੍ਹਾਂ ਦੀ ਪੂਜਾ ਕਰਨ ਲੱਗ ਗਏ। ਇਸਰਾਏਲ ਦੇ ਘਰਾਣੇ ਅਤੇ ਯਹੂਦਾਹ ਦੇ ਘਰਾਣੇ ਨੇ ਮੇਰੇ ਨੇਮ ਨੂੰ ਤੋੜ ਛੱਡਿਆ ਹੈ ਜਿਹੜਾ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਸੀ। ਏਸੇ ਲਈ ਯਹੋਵਾਹ ਐਉਂ ਫ਼ਰਮਾਉਂਦਾ ਹੈ,-ਵੇਖੋ, ਮੈਂ ਉਨ੍ਹਾਂ ਉੱਤੇ ਬਦੀ ਲਿਆ ਰਿਹਾ ਹਾਂ ਜਿਸ ਤੋਂ ਓਹ ਨਿੱਕਲ ਨਾ ਸੱਕਣਗੇ। ਭਾਵੇਂ ਓਹ ਮੇਰੀ ਵੱਲ ਚਿੱਲਾਉਣ, ਮੈਂ ਉਨ੍ਹਾਂ ਦੀ ਨਾ ਸੁਣਾਂਗਾ (ਯਿਰਮਿਯਾਹ 11:8-11)।

ਇਹ ਗੱਲ ਤਦ ਹੋਣੀ ਸੀ ਜਦ ਖ਼ੁਦਾ ਨੇ ਯਰੂਸ਼ਲਮ ਨੂੰ ਤਬਾਹ ਕਰਨਾ ਸੀ ਜੋ ਉਨ੍ਹਾਂ ਲੋਕਾਂ ਦੇ ਆਖ਼ਰੀ ਬਜ਼ੁਰਗ ਸਨ: ''ਬਹੁਤ ਸਾਰੀਆਂ ਕੌਮਾਂ ਇਸ ਸ਼ਹਿਰ ਦੇ ਕੋਲ ਦੀ ਲੰਘਣਗੀਆਂ ਅਤੇ ਹਰ ਮਨੁੱਖ ਆਪਣੇ ਗੁਆਂਢੀ ਨੂੰ ਆਖੇਗਾ, ਯਹੋਵਾਹ ਨੇ ਇਸ ਵੱਡੇ ਸ਼ਹਿਰ ਨਾਲ ਇਉਂ ਕਿਉਂ ਕੀਤਾ? ਤਾਂ ਉਹ ਆਖਣਗੇ, ਇਸ ਲਈ ਕਿ ਉਨ੍ਹਾਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਨੇਮ ਨੂੰ ਛੱਡ ਦਿੱਤਾ ਹੈ ਅਤੇ ਦੂਜਿਆਂ ਦੇ ਦਿਓਤਿਆਂ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਦੀ ਪੂਜਾ ਕੀਤੀ'' (ਯਿਰਮਿਯਾਹ 22:8, 9)।

ਇਸਰਾਏਲੀ ਲੋਕ ਦੂਜੀਆਂ ਕੌਮਾਂ ਲਈ ਇਕ ਸਬਕ ਬਣ ਗਏ ਕਿ ਖ਼ੁਦਾ ਦੇ ਹੁਕਮ ਤੋੜ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਬਰਕਤਾਂ ਤੋਂ ਵਾਂਝਿਆਂ ਕਰ ਲਿਆ ਜੋ ਖ਼ੁਦਾ ਨੇ ਬਦਲੇ ਵਿਚ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ ਸੀ।